# ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।
## ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ,
## ਫੇਜ਼ 3 ਬੀ-1, ਐਸ.ਏ.ਐਸ.ਨਗਰ।

www.educationrecruitmentboard.com

ਨੰਬਰ 6/5-2017ਭ.ਡ.(9) ਮਿਤੀ 1/2/18

**ਪਬਲਿਕ ਨੋਟਿਸ**

ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਮਾਸਟਰ ਕਾਡਰ ਦੇ ਸਮਾਜਿਕ ਸਿੱਖਿਆ (393), ਮੈਥ (739), ਸਾਇੰਸ (1138) ਅਤੇ ਪੰਜਾਬੀ (398) ਵਿਸ਼ਿਆ ਦੀਆਂ ਅਸਾਮੀਆਂ ਨੂੰ ਭਰਨ ਸਬੰਧੀ ਮਿਤੀ 09.12.2017 ਅਤੇ 10.12.2017 ਨੂੰ ਲਿਖਤੀ ਟੈਸਟ ਲਿਆ ਗਿਆ ਸੀ।ਹਾਇਰ ਮੈਰਿਟ ਤੇ ਆਉਣ ਵਾਲੇ ਉਮੀਦਵਾਰਾਂ ਨੂੰ ਆਪਣੇ ਅਸਲ ਦਸਤਾਵੇਜਾਂ ਦੀ ਸਕਰੂਟਨੀ ਮਿਤੀ 08.01.2018 ਤੋਂ ਮਿਤੀ 15.01.2018 ਤੱਕ ਲਈ ਬੁਲਾਇਆ ਗਿਆ ਸੀ।ਵਿਗਿਆਪਤ ਕੀਤੀਆਂ ਅਸਾਮੀਆਂ ਨੂੰ ਪੂਰਾ ਕਰਨ ਲਈ ਯੋਗ ਉਮੀਦਵਾਰਾਂ ਵਿੱਚੋਂ ਉਨ੍ਹਾਂ ਦੇ ਅਸਲ ਦਸਤਾਵੇਜਾਂ ਦੀ ਦੂਜੀ ਸਕਰੂਟਨੀ ਕੀਤੀ ਜਾਣੀ ਹੈ।ਇਸ ਮੰਤਵ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਸੂਚੀ ਅਨੁਸਾਰ ਯੋਗ ਉਮੀਦਵਾਰਾਂ ਨੂੰ ਆਪਣੇ ਅਸਲ ਦਸਤਾਵੇਜਾਂ ਦੀ ਸਕਰੂਟਨੀ ਲਈ ਦਫ਼ਤਰ, ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ (ਮਾਈਕ੍ਰੋਸਾਫਟ ਬਿਲਡਿੰਗ) ਫੇਜ਼ 3 ਬੀ-1 ਸ.ਅ.ਸ.ਨਗਰ ਵਿਖੇ ਮਿਤੀ 06.02.2018 ਤੋਂ ਮਿਤੀ 08.02.2018 ਤੱਕ 9.00 ਵਜੇ ਤੋਂ 3.00 ਸ਼ਾਮ ਸੱਦਾ ਦਿੱਤਾ ਜਾਂਦਾ ਹੈ।ਸਕਰੂਟਨੀ ਸ਼ੈਡੀਊਲ ਅਤੇ ਹੋਰ ਜਾਣਕਾਰੀ ਵਿਭਾਗ ਦੀ ਵੈਬਸਾਈਟ (www.educationrecruitmentboard.com) ਤੇ ਅਪਲੋਡ ਕਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਜਿਹੜੇ ਉਮੀਦਵਾਰ ਮਿਤੀ 08.01.2018 ਤੋਂ ਮਿਤੀ 12.01.2018 ਤੱਕ ਅਸਲ ਦਸਤਵੇਜਾਂ ਦੀ ਸਕਰੂਟਨੀ ਦੋਰਾਨ ਗੈਰ-ਹਾਜ਼ਰ ਰਹੇ ਸਨ, ਉਨ੍ਹਾਂ ਉਮੀਦਵਾਰਾਂ ਨੂੰ ਮਿਤੀ 15.01.2018 ਨੂੰ ਦੁਬਾਰਾ ਮੌਕਾ ਦਿੱਤਾ ਗਿਆ ਸੀ।ਪ੍ਰੰਤੂ ਉਹ ਉਮੀਦਵਾਰ ਕਿਸੇ ਕਾਰਣ ਅਸਲ ਦਸਤਵੇਜਾਂ ਦੀ ਸਕਰੂਟਨੀ ਲਈ ਉੱਕਤ ਮਿਤੀਆਂ ਨੂੰ ਹਾਜ਼ਰ ਨਹੀ ਹੋ ਸਕੇ, ਹੁਣ ਉਹ ਉਮੀਦਵਾਰ ਵੀ ਸਬੰਧਤ ਵਿਸ਼ੇ ਦੇ ਨਿਰਧਾਰਿਤ ਸ਼ੈਡੀਊਲ ਅਨੁਸਾਰ ਆਪਣੇ ਅਸਲ ਦਸਤਾਵੇਜ਼ਾ ਦੀ ਸਕਰੂਟਨੀ ਲਈ ਹਾਜ਼ਰ ਹੋ ਸਕਦੇ ਹਨ।

ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ,
ਪੰਜਾਬ,ਐਸ.ਏ.ਐਸ.ਨਗਰ।